# Medi-Cal ਪ੍ਰਾਪਤ ਕਰਨ ਵਾਲੇ ਕੁਝ ਪਰਿਵਾਰਾਂ ਨੂੰ SUN Bucks ਲਈ ਅਰਜ਼ੀ ਦੇਣ ਦੀ ਲੋੜ ਹੋ ਸਕਦੀ ਹੈ

## ਕੁਝ ਖਾਸ ਕਿਸਮਾਂ ਦੇ Medi-Cal ਪ੍ਰਾਪਤ ਕਰਨ ਵਾਲੇ ਪਰਿਵਾਰਾਂ ਨੂੰ SUN Bucks ਲਈ ਅਰਜ਼ੀ ਦੇਣ ਦੀ ਲੋੜ ਹੋ ਸਕਦੀ ਹੈ।

Medi-Cal ਵਾਲੇ ਕੁਝ ਬੱਚਿਆਂ ਨੂੰ ਆਪਣੇ ਆਪ ਹੀ SUN Bucks ਮਿਲ ਜਾਂਦੇ ਹਨ। ਹਾਲਾਂਕਿ, ਜੇਕਰ ਬੱਚੇ ਦਾ Medi-Cal ਸਪਲੀਮੈਂਟਲ ਸਿਕਿਓਰਿਟੀ ਇਨਕਮ, ਗੋਦ ਲੈਣ ਵਿੱਚ ਸਹਾਇਤਾ, ਜਾਂ ਫੋਸਟਰ ਕੇਅਰ ਵਰਗੇ ਪ੍ਰੋਗਰਾਮਾਂ ਰਾਹੀਂ ਹੈ, ਤਾਂ ਉਨ੍ਹਾਂ ਨੂੰ 2 ਸਤੰਬਰ, 2025 ਤੱਕ ਆਪਣੇ ਸਕੂਲ ਰਾਹੀਂ SUN Bucks ਲਈ ਅਰਜ਼ੀ ਦੇਣ ਦੀ ਲੋੜ ਹੋ ਸਕਦੀ ਹੈ।

## SSI/SSP, ਗੋਦ ਲੈਣ ਵਿੱਚ ਸਹਾਇਤਾ, ਜਾਂ ਪਾਲਣ-ਪੋਸ਼ਣ ਦੇਖਭਾਲ ਰਾਹੀਂ Medi-Cal ਪ੍ਰਾਪਤ ਕਰਨ ਵਾਲੇ ਬੱਚੇ SUN Bucks ਕਿਵੇਂ ਪ੍ਰਾਪਤ ਕਰ ਸਕਦੇ ਹਨ?

ਜੇਕਰ ਬੱਚਾ:

- Medi-Cal ਪ੍ਰਾਪਤ ਕਰਦਾ ਹੈ ਜੋ ਸੰਘੀ ਗਰੀਬੀ ਪੱਧਰ ਦੇ 185% ਜਾਂ ਇਸ ਤੋਂ ਘੱਟ 'ਤੇ ਪ੍ਰਮਾਣਿਤ **ਨਹੀਂ ਹੈ**, ਅਤੇ,
- CalFresh ਜਾਂ CalWORKs ਪ੍ਰਾਪਤ **ਨਹੀਂ** ਕਰ ਰਿਹਾ ਹੈ, ਅਤੇ
- ਉਨ੍ਹਾਂ ਦੇ ਸਕੂਲ ਦੁਆਰਾ ਪ੍ਰਵਾਸੀ, ਪਾਲਣ-ਪੋਸ਼ਣ, ਬੇਘਰ, ਜਾਂ ਭਗੌੜਾ ਵਜੋਂ ਪ੍ਰਮਾਣਿਤ **ਨਹੀਂ ਹੈ।**

**ਫਿਰ ਪਰਿਵਾਰ ਨੂੰ 2 ਸਤੰਬਰ, 2025 ਤੱਕ ਬੱਚੇ ਦੇ ਸਕੂਲ ਵਿੱਚ ਇੱਕ ਯੂਨੀਵਰਸਲ ਬੈਨੀਫਿਟਸ ਐਪਲੀਕੇਸ਼ਨ ਜਾਂ ਸਕੂਲ ਮੀਲ ਐਪਲੀਕੇਸ਼ਨ ਜਮ੍ਹਾਂ ਕਰਾਉਣੀ ਲਾਜ਼ਮੀ ਹੈ।**

## ਦੋਸਤਾਨਾ ਯਾਦ-ਪੱਤਰ:

- **SUN Bucks ਤੁਹਾਡੇ ਪਰਿਵਾਰ ਦੀ ਇਮੀਗ੍ਰੇਸ਼ਨ ਸਥਿਤੀ ਨੂੰ ਪ੍ਰਭਾਵਿਤ ਨਹੀਂ ਕਰਦਾ।** ਹੋਰ ਜਾਣਕਾਰੀ ਲਈ, www.cdss.ca.gov/inforesources/cdss-programs/refugees/public-charge 'ਤੇ ਜਾਓ।
- **ਯਕੀਨੀ ਬਣਾਓ ਕਿ ਤੁਹਾਡੀ ਸੰਪਰਕ ਜਾਣਕਾਰੀ ਨਵੀਨਤਮ ਹੈ।** ਆਪਣੇ ਬੱਚੇ ਦੇ ਸਕੂਲ ਜਾਂ ਸਕੂਲ ਪ੍ਰਸ਼ਾਸਕ ਦੇ ਦਫ਼ਤਰ, ਜਾਂ ਸਥਾਨਕ ਕਾਉਂਟੀ ਸਮਾਜਿਕ ਸੇਵਾਵਾਂ ਦੇ ਦਫ਼ਤਰ ਨਾਲ ਆਪਣਾ ਭੌਤਿਕ ਅਤੇ/ਜਾਂ ਡਾਕ ਪਤਾ, ਫ਼ੋਨ ਨੰਬਰ, ਅਤੇ ਈਮੇਲ ਪਤਾ ਅੱਪਡੇਟ ਕਰੋ। ਤੁਸੀਂ ਸੰਪਰਕ ਜਾਣਕਾਰੀ ਵਿੱਚ ਆਏ ਕਿਸੇ ਵੀ ਬਦਲਾਅ ਦੀ ਰਿਪੋਰਟ ਕਰਨ ਲਈ SUN Bucks ਹੈਲਪਲਾਈਨ ਨੂੰ (877) 328-9677 'ਤੇ ਵੀ ਕਾੱਲ ਕਰ ਸਕਦੇ ਹੋ।
- **SUN Bucks ਕਾਰਡ ਜਾਰੀ ਕਰਨ ਵਿੱਚ ਕਿਸੇ ਵੀ ਗਲਤੀ ਦੀ ਰਿਪੋਰਟ SUN Bucks ਹੈਲਪਲਾਈਨ ਨੂੰ (877) 328-9677 'ਤੇ ਕਰੋ।** ਇੱਕ ਪਰਿਵਾਰ ਪ੍ਰਤੀ ਬੱਚਾ ਇੱਕ ਤੋਂ ਵੱਧ SUN Bucks ਕਾਰਡ ਪ੍ਰਾਪਤ ਅਤੇ ਵਰਤੋਂ ਨਹੀਂ ਕਰ ਸਕਦਾ ਜਾਂ ਇੱਕ ਤੋਂ ਵੱਧ ਰਾਜਾਂ ਤੋਂ SUN Bucks ਪ੍ਰਾਪਤ ਨਹੀਂ ਕਰ ਸਕਦਾ (7 CFR § 292.27)।

## ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ?

- www.cdss.ca.gov/SUNBucks 'ਤੇ ਜਾਓ ।
- CDSS YouTube SUN Bucks ਪਲੇਲਿਸਟ ਦੇਖੋ।
- ਕੁਇੱਕ ਰਿਸਪਾਂਸ (QR) ਕੋਡ ਸਕੈਨ ਕਰੋ

**ਕੈਲੀਫੋਰਨੀਆ ਵਿੱਚ SUN Bucks ਪ੍ਰੋਗਰਾਮ ਅਮਰੀਕੀ ਖੇਤੀਬਾੜੀ ਵਿਭਾਗ (USDA), ਭੋਜਨ ਅਤੇ ਪੋਸ਼ਣ ਸੇਵਾ (FNS) ਦੀ ਫੰਡਿੰਗ ਨਾਲ ਸੰਭਵ ਹੋਇਆ ਹੈ ਅਤੇ ਇਹ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਸੋਸ਼ਲ ਸਰਵਿਸਿਜ਼ (CDSS) ਦੁਆਰਾ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਐਜੂਕੇਸ਼ਨ (CDE) ਨਾਲ ਸਾਂਝੇਦਾਰੀ ਵਿੱਚ ਤੁਹਾਡੇ ਲਈ ਲਿਆਂਦਾ ਗਿਆ ਹੈ।**

**www.cdss.ca.gov/sunbucks | www.cde.ca.gov/ls/nu/sf | SUNBucks@dss.ca.gov.**

**USDA ਇੱਕ ਬਰਾਬਰ ਮੌਕੇ ਪ੍ਰਦਾਨ ਕਰਨ ਵਾਲਾ, ਰੁਜ਼ਗਾਰਦਾਤਾ ਅਤੇ ਰਿਣਦਾਤਾ ਹੈ। 2025**

**ਹੋਰ ਜਾਣਕਾਰੀ ਲਈ, ਇੱਥੇ ਜਾਓ: www.fns.usda.gov/summer.**